ਅੱਜ ਆਸਟਰੇਲੀਆ ਵਿਰੁਧ 14 ਸਾਲਾਂ ਦੀਆਂ ਅਸਫ਼ਲਤਾਵਾਂ ਦਾ ਹਿਸਾਬ ਚੁਕਤਾ ਕਰਨ ਉਤਰੇਗਾ ਭਾਰਤ

ਦੁਬਈ, 3 ਮਾਰਚ : ਭਾਰਤੀ ਟੀਮ ਭਾਵੇਂ ਪਹਿਲਾਂ ਵੀ ਅਜਿਹਾ ਕਰਨ 'ਚ ਅਸਫਲ ਰਹੀ ਹੋਵੇ ਪਰ ਇਸ ਵਾਰ ਸਪਿਨਰਾਂ ਦੇ ਸ਼ਾਨਦਾਰ ਪ੍ਰਦਰਸ਼ਨ ਅਤੇ ਹਾਲਾਤ ਤੋਂ ਜਾਣੂ ਹੋਣ ਦੇ ਆਧਾਰ 'ਤੇ ਭਾਰਤੀ ਟੀਮ ਮੰਗਲਵਾਰ ਨੂੰ ਚੈਂਪੀਅਨਜ਼ ਟਰਾਫੀ ਦੇ ਸੈਮੀਫਾਈਨਲ 'ਚ ਆਸਟਰੇਲੀਆ ਵਿਰੁਧ ਉਤਰੇਗੀ, ਜਿਸ ਦਾ ਇਰਾਦਾ ਆਈ.ਸੀ.ਸੀ. ਟੂਰਨਾਮੈਂਟਾਂ ਦੇ ਨਾਕਆਊਟ ਮੈਚਾਂ 'ਚ ਮਿਲੇ ਹਰ ਜ਼ਖ਼ਮ ਨੂੰ ਭਰਨ ਦਾ ਹੋਵੇਗਾ।

ਇਸ ਦੇ ਨਾਲ ਹੀ ਇਹ 2023 'ਚ ਘਰੇਲੂ ਧਰਤੀ 'ਤੇ ਵਿਸ਼ਵ ਕੱਪ ਫਾਈਨਲ 'ਚ ਮਿਲੀ ਹਾਰ ਦਾ ਬਦਲਾ ਲੈਣ ਦਾ ਵੀ ਸੁਨਹਿਰੀ ਮੌਕਾ ਹੈ, ਜਦੋਂ ਫਾਈਨਲ 'ਚ ਆਸਟਰੇਲੀਆ ਨੇ ਭਾਰਤ ਦੇ 10 ਮੈਚਾਂ ਦੀ ਅਜੇਤੂ ਮੁਹਿੰਮ ਨੂੰ ਤੋੜ ਦਿਤਾ ਸੀ।

ਇਹ ਓਨਾ ਵੀ ਆਸਾਨ ਨਹੀਂ ਹੋਵੇਗਾ ਕਿਉਂਕਿ ਪੈਟ ਕਮਿੰਸ, ਜੋਸ਼ ਹੇਜ਼ਲਵੁੱਡ ਅਤੇ ਮਿਸ਼ੇਲ ਸਟਾਰਕ ਤੋਂ ਬਗ਼ੈਰ ਆਸਟਰੇਲੀਆ ਇਕ ਮਜ਼ਬੂਤ ਟੀਮ ਹੈ। ਉਸ ਨੇ ਕੁੱਝ ਦਿਨ ਪਹਿਲਾਂ ਲਾਹੌਰ ਵਿਚ ਇੰਗਲੈਂਡ ਦੇ ਵਿਰੁਧ 352 ਦੌੜਾਂ ਦੇ ਟੀਚੇ ਨੂੰ ਹਾਸਲ ਕਰ ਕੇ ਇਕ ਵਾਰ ਫਿਰ ਇਹ ਸਾਬਤ ਕਰ ਦਿਤਾ ਹੈ।

ਭਾਰਤ ਨੇ ਆਖਰੀ ਵਾਰ ਆਈ.ਸੀ.ਸੀ. ਟੂਰਨਾਮੈਂਟ ਦੇ ਨਾਕਆਊਟ ਪੜਾਅ 'ਚ ਆਸਟਰੇਲੀਆ 'ਤੇ ਜਿੱਤ 2011 ਵਿਸ਼ਵ ਕੱਪ ਦੇ ਕੁਆਰਟਰ ਫਾਈਨਲ 'ਚ ਹਾਸਲ ਕੀਤੀ ਸੀ। ਭਾਰਤ ਨੂੰ 2015 ਵਨਡੇ ਵਿਸ਼ਵ ਕੱਪ ਦੇ ਸੈਮੀਫਾਈਨਲ ਅਤੇ 2023 ਵਨਡੇ ਵਿਸ਼ਵ ਕੱਪ ਫਾਈਨਲ 'ਚ ਆਸਟਰੇਲੀਆ ਨੇ ਹਰਾਇਆ ਸੀ। ਇਸ ਤੋਂ ਇਲਾਵਾ ਉਸ ਨੇ ਵਿਸ਼ਵ ਟੈਸਟ ਚੈਂਪੀਅਨਸ਼ਿਪ ਫਾਈਨਲ 2023 'ਚ ਵੀ ਭਾਰਤ ਨੂੰ ਹਰਾ ਕੇ ਖਿਤਾਬ ਜਿੱਤਿਆ ਸੀ।

ਇਸ ਵਾਰ ਭਾਰਤੀ ਟੀਮ ਚੌਦਾਂ ਸਾਲਾਂ ਦੀਆਂ ਅਸਫਲਤਾਵਾਂ ਦਾ ਲੇਖਾ-ਜੋਖਾ ਨਿਪਟਾਉਣ ਲਈ ਉਤਰੇਗੀ ਅਤੇ ਉਨ੍ਹਾਂ ਦੇ ਆਤਮਵਿਸ਼ਵਾਸ ਦਾ ਕਾਰਨ ਟੀਮ ਵਿਚ ਚੋਟੀ ਦੇ ਸਪਿਨਰਾਂ ਦੀ ਮੌਜੂਦਗੀ ਹੈ। ਟੂਰਨਾਮੈਂਟ ਤੋਂ ਪਹਿਲਾਂ ਪੰਜ ਸਪਿਨਰਾਂ ਨੂੰ ਟੀਮ 'ਚ ਸ਼ਾਮਲ ਕਰਨ ਦੇ ਫੈਸਲੇ ਦੀ ਭਾਰੀ ਆਲੋਚਨਾ ਹੋਈ ਸੀ ਪਰ ਹੁਣ ਦੁਬਈ ਦੀਆਂ ਹੌਲੀ ਪਿਚਾਂ 'ਤੇ ਇਹ ਮਾਸਟਰਸਟਰੋਕ ਸਾਬਤ ਹੋ ਰਿਹਾ ਹੈ।

ਇਹ ਵੀ ਕਿਹਾ ਜਾ ਰਿਹਾ ਹੈ ਕਿ ਦੁਬਈ 'ਚ ਸਾਰੇ ਮੈਚ ਖੇਡਣ ਦਾ ਫਾਇਦਾ ਭਾਰਤ ਨੂੰ ਮਿਲ ਰਿਹਾ ਹੈ ਪਰ ਅਸਲੀਅਤ ਇਹ ਹੈ ਕਿ ਭਾਰਤੀ ਟੀਮ ਨੇ ਅਪਣੇ ਪ੍ਰਦਰਸ਼ਨ 'ਚ ਸੁਧਾਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਅਜਿਹਾ ਨਹੀਂ ਹੈ ਕਿ ਪਿੱਚ ਨੂੰ ਇੰਨਾ ਸਪਿੱਨ ਮਿਲ ਰਿਹਾ ਹੈ ਕਿ ਭਾਰਤੀ ਗੇਂਦਬਾਜ਼ ਸਫਲ ਰਹੇ ਹਨ, ਪਰ ਇਨ੍ਹਾਂ ਪਿੱਚਾਂ 'ਤੇ ਉਨ੍ਹਾਂ ਦਾ ਸਬਰ ਕਾਰਗਰ ਸਾਬਤ ਹੋਇਆ ਹੈ। (ਏਜੰਸੀ)

ਕੋਲਕਾਤਾ ਨੇ ਆਈ.ਪੀ.ਐਲ ਲਈ ਨਵੇਂ ਕਪਤਾਨ ਅਤੇ ਉਪ ਕਪਤਾਨ ਦਾ ਕੀਤਾ ਐਲਾਨ

ਕੋਲਕਾਤਾ, 3 ਮਾਰਚ : ਕੋਲਕਾਤਾ ਨਾਈਟ ਰਾਈਡਰਜ਼ (ਕੇਕੇਆਰ) ਨੇ ਆਉਣ ਵਾਲੇ ਆਈਪੀਐਲ 2025 ਸੀਜ਼ਨ ਲਈ ਅਜਿੰਕਿਆ ਰਹਾਣੇ ਨੂੰ ਕਪਤਾਨ ਅਤੇ ਵੈਂਕਟੇਸ਼ ਅਈਅਰ ਨੂੰ ਉਪ-ਕਪਤਾਨ ਬਣਾਉਣ ਦਾ ਐਲਾਨ ਕੀਤਾ ਹੈ। ਕੇਕੇਆਰ ਦੇ ਸੀਈਓ ਵੈਂਕੀ ਮੈਸੂਰ ਨੇ ਕਿਹਾ, 'ਅਸੀਂ ਅਜਿੰਕਿਆ ਰਹਾਣੇ ਵਰਗਾ ਖਿਡਾਰੀ ਹੋਣ 'ਤੇ ਖੁਸ਼ ਹਾਂ, ਜਿਸ ਕੋਲ ਇਕ ਨੇਤਾ ਦੇ ਰੂਪ ਵਿਚ ਅਪਣਾ ਤਜਰਬਾ ਅਤੇ ਪਰਿਪੱਕਤਾ ਹੈ।' ਇਸ ਤੋਂ ਇਲਾਵਾ, ਵੈਂਕਟੇਸ਼ ਅਈਅਰ ਕੇਕੇਆਰ ਲਈ ਇਕ ਫ਼ਰੈਂਚਾਇਜ਼ੀ ਖਿਡਾਰੀ ਰਿਹਾ ਹੈ ਅਤੇ ਉਸ ਵਿਚ ਕਈ ਲੀਡਰਸ਼ਿਪ ਗੁਣ ਹਨ। ਸਾਨੂੰ ਭਰੋਸਾ ਹੈ ਕਿ ਜਦੋਂ ਅਸੀਂ ਅਪਣਾ ਖ਼ਿਤਾਬ ਬਚਾਅ ਸ਼ੁਰੂ ਕਰਾਂਗੇ ਤਾਂ ਉਹ ਵਧੀਆ ਤਾਲਮੇਲ ਬਣਾਉਣਗੇ। ਨਿਲਾਮੀ ਵਿਚ ਵੈਂਕਟੇਸ਼ ਨੂੰ ਕੇਕੇਆਰ ਨੇ 23.75 ਕਰੋੜ ਰੁਪਏ ਵਿਚ ਖ਼ਰੀਦਿਆ ਜਦੋਂ ਕਿ ਰਹਾਣੇ ਨੂੰ 1.5 ਕਰੋੜ ਰੁਪਏ ਵਿਚ ਖ਼ਰੀਦਿਆ ਗਿਆ। (ਏਜੰਸੀ)

ਨੇਪਾਲ ਜਾਣ ਵਾਲੇ ਭਾਰਤੀ ਸੈਲਾਨੀਆਂ ਦੀ ਗਿਣਤੀ ਘਟੀ

ਕਾਠਮੰਡੂ, 3 ਮਾਰਚ : ਫ਼ਰਵਰੀ 2025 ਵਿਚ 96,000 ਤੋਂ ਵੱਧ ਸੈਲਾਨੀਆਂ ਨੇ ਨੇਪਾਲ ਦਾ ਦੌਰਾ ਕੀਤਾ ਪਰ ਇਸ ਸਾਲ ਪਿਛਲੇ ਸਾਲ ਦੇ ਮੁਕਾਬਲੇ ਇਸ ਹਿਮਾਲਿਆਈ ਦੇਸ਼ ਵਿਚ ਆਉਣ ਵਾਲੇ ਭਾਰਤੀਆਂ ਦੀ ਗਿਣਤੀ ਵਿਚ ਗਿਰਾਵਟ ਆਈ। ਨੇਪਾਲ ਟੂਰਿਜ਼ਮ ਬੋਰਡ ਅਨੁਸਾਰ ਫ਼ਰਵਰੀ ਮਹੀਨੇ ਵਿਚ 96,880 ਸੈਲਾਨੀ ਹਵਾਈ ਰਸਤੇ ਨੇਪਾਲ ਪਹੁੰਚੇ। ਅੰਕੜਿਆਂ ਅਨੁਸਾਰ ਇਸ ਸਾਲ ਫ਼ਰਵਰੀ ਵਿਚ ਸੈਲਾਨੀਆਂ ਦੀ ਗਿਣਤੀ ਪਿਛਲੇ ਸਾਲ ਦੀ ਇਸੇ ਮਿਆਦ ਦੇ ਮੁਕਾਬਲੇ ਥੋੜ੍ਹੀ ਘੱਟ ਸੀ। ਫ਼ਰਵਰੀ 2024 ਵਿਚ ਨੇਪਾਲ ਆਉਣ ਵਾਲੇ ਸੈਲਾਨੀਆਂ ਦੀ ਗਿਣਤੀ 97,426 ਸੀ।

ਨੇਪਾਲ ਆਉਣ ਵਾਲੇ ਭਾਰਤੀ ਸੈਲਾਨੀਆਂ ਦੀ ਗਿਣਤੀ ਦੂਜੇ ਦੇਸ਼ਾਂ ਦੇ ਸੈਲਾਨੀਆਂ ਦੇ ਮੁਕਾਬਲੇ ਸਭ ਤੋਂ ਵੱਧ ਸੀ। ਇਸ ਸਾਲ ਫ਼ਰਵਰੀ ਵਿਚ 19,187 ਭਾਰਤੀ ਹਵਾਈ ਰਸਤੇ ਨੇਪਾਲ ਪਹੁੰਚੇ। ਇਸ ਸਮੇਂ ਦੌਰਾਨ ਅਮਰੀਕਾ ਤੋਂ 10,348 ਸੈਲਾਨੀ, ਚੀਨ ਤੋਂ 8,232, ਬ੍ਰਿਟੇਨ ਤੋਂ 5,057 ਅਤੇ ਬੰਗਲਾਦੇਸ਼ ਤੋਂ 4,874 ਸੈਲਾਨੀ ਨੇਪਾਲ ਆਏ। ਸ਼੍ਰੀਲੰਕਾ ਤੋਂ 4,370 ਅਤੇ ਆਸਟਰੇਲੀਆ ਤੋਂ 3,737 ਸੈਲਾਨੀ ਨੇਪਾਲ ਪਹੁੰਚੇ। ਫ਼ਰਵਰੀ 2024 ਵਿਚ 25,578 ਭਾਰਤੀ ਸੈਲਾਨੀਆਂ ਨੇ ਨੇਪਾਲ ਦਾ ਦੌਰਾ ਕੀਤਾ ਜਦੋਂ ਕਿ ਇਸ ਸਾਲ ਫ਼ਰਵਰੀ ਵਿਚ ਇਹ ਗਿਣਤੀ 25 ਪ੍ਰਤੀਸ਼ਤ ਘੱਟ ਸੀ।

ਨੇਪਾਲ ਟੂਰਿਜ਼ਮ ਬੋਰਡ ਦੇ ਡਾਇਰੈਕਟਰ ਮਨੀ ਲਾਮੀਛਾਨੇ ਨੇ ਕਿਹਾ ਕਿ ਪ੍ਰਯਾਗਰਾਜ ਵਿਚ ਹੋਏ ਮਹਾਂਕੁੰਭ ਵਿਚ ਲੱਖਾਂ ਭਾਰਤੀ ਸ਼ਰਧਾਲੂਆਂ ਨੇ ਸ਼ਿਰਕਤ ਕੀਤੀ ਜਿਸ ਕਾਰਨ ਨੇਪਾਲ ਆਉਣ ਵਾਲੇ ਭਾਰਤੀ ਸੈਲਾਨੀਆਂ ਦੀ ਗਿਣਤੀ ਵਿਚ ਕਮੀ ਆਈ। (ਏਜੰਸੀ)

ਇਕ ਨਜ਼ਰ ...

ਵੈਸਟਇੰਡੀਜ਼ ਨੂੰ ਸੁਧਾਰ ਲਈ ਅਫ਼ਗ਼ਾਨਿਸਤਾਨ ਤੋਂ ਸਿਖਿਆ ਲੈਣੀ ਚਾਹੀਦੀ : ਰਿਚਰਡਸ

ਮੁੰਬਈ, 3 ਮਾਰਚ : ਚੈਂਪੀਅਨਜ਼ ਟਰਾਫ਼ੀ ਵਿਚ ਵੈਸਟਇੰਡੀਜ਼ ਦੀ ਗ਼ੈਰ-ਹਾਜ਼ਰੀ ਤੋਂ ਨਿਰਾਸ਼ ਤੇ ਦੁਖੀ ਸਾਬਕਾ ਮਹਾਨ ਖਿਡਾਰੀ ਸਰ ਵਿਵੀਅਨ ਰਿਚਰਡਸ ਚਾਹੁੰਦਾ ਹੈ ਕਿ ਕੈਰੇਬੀਆਈ ਟੀਮ ਖ਼ੁਦ ਨੂੰ ਵਿਸ਼ਵ ਕ੍ਰਿਕਟ ਵਿਚ ਇਕ ਤਾਕਤ ਦੇ ਰੂਪ ਵਿਚ ਫਿਰ ਤੋਂ ਸਥਾਪਤ ਕਰਨ ਲਈ ਅਫ਼ਗ਼ਾਨਿਸਤਾਨ ਤੋਂ ਸਿਖਿਆ ਲਵੇ। ਵੈਸਟਇੰਡੀਜ਼ ਤੇ ਸ੍ਰੀਲੰਕਾ ਦੋ ਅਜਿਹੀਆਂ ਟੀਮਾਂ ਹਨ ਜਿਹੜੀਆਂ ਵਿਸ਼ਵ ਕੱਪ ਤੇ ਚੈਂਪੀਅਨਜ਼ ਟਰਾਫ਼ੀ ਦਾ ਖ਼ਿਤਾਬ ਜਿੱਤ ਚੁੱਕੀਆਂ ਹਨ ਪਰ ਪਾਕਿਸਤਾਨ ਤੇ ਦੁਬਈ ਵਿਚ ਖੇਡੇ ਜਾ ਰਹੇ 8 ਟੀਮਾਂ ਦੇ ਚੈਂਪੀਅਨਜ਼ ਟਰਾਫ਼ੀ ਟੂਰਨਾਮੈਂਟ ਦੇ ਮੌਜੂਦਾ ਸੈਸ਼ਨ ਲਈ ਕੁਆਲੀਫ਼ਾਈ ਕਰਨ ਵਿਚ ਅਸਫ਼ਲ ਰਹੀ। (ਏਜੰਸੀ)

ਤੋਰਖਮ ਕਰਾਸਿੰਗ 'ਤੇ ਪਾਕਿਸਤਾਨ ਤੇ ਅਫ਼ਗ਼ਾਨਿਸਤਾਨ ਦੇ ਫ਼ੌਜੀਆਂ ਵਿਚਕਾਰ ਗੋਲੀਬਾਰੀ

ਪੇਸ਼ਾਵਰ, 3 ਮਾਰਚ : ਪਾਕਿਸਤਾਨੀ ਅਤੇ ਅਫ਼ਗ਼ਾਨ ਬਲਾਂ ਵਿਚਕਾਰ ਸੋਮਵਾਰ ਤੜਕੇ ਇਕ ਪ੍ਰਮੁੱਖ ਸਰਹੱਦੀ ਕਰਾਸਿੰਗ ਪੁਆਇੰਟ 'ਤੇ ਗੋਲੀਬਾਰੀ ਹੋਈ। ਦੋਵਾਂ ਗੁਆਂਢੀ ਦੇਸ਼ਾਂ ਵਿਚਕਾਰ ਵਿਵਾਦ ਕਾਰਨ ਇਹ ਸਾਈਟ ਇਕ ਹਫ਼ਤੇ ਤੋਂ ਵੱਧ ਸਮੇਂ ਤੋਂ ਬੰਦ ਹੈ। ਗੋਲੀਬਾਰੀ ਵਿਚ ਤੋਰਖਮ ਕਰਾਸਿੰਗ ਦੇ ਦੋਵੇਂ ਪਾਸੇ ਕਿਸੇ ਵੀ ਜਾਨੀ ਨੁਕਸਾਨ ਦੀ ਕੋਈ ਰਿਪੋਰਟ ਨਹੀਂ ਹੈ। ਇਹ ਲਾਂਘਾ 11 ਦਿਨਾਂ ਲਈ ਬੰਦ ਹੈ ਕਿਉਂਕਿ ਪਾਕਿਸਤਾਨ ਨੇ ਅਫ਼ਗ਼ਾਨਿਸਤਾਨ ਵਲੋਂ ਇਕ ਨਵੀਂ ਸਰਹੱਦੀ ਲਾਂਘੇ ਦੀ ਉਸਾਰੀ 'ਤੇ ਇਤਰਾਜ਼ ਪ੍ਰਗਟਾਇਆ ਹੈ। ਗੋਲੀਬਾਰੀ ਕਾਰਨ ਦੋਵਾਂ ਦੇਸ਼ਾਂ ਨੇ ਪਹਿਲਾਂ ਤੋਰਖਮ ਅਤੇ ਦੱਖਣ-ਪੱਛਮੀ ਚਮਨ ਸਰਹੱਦੀ ਲਾਂਘੇ ਬੰਦ ਕਰ ਦਿਤੇ ਸਨ। ਇਹ ਲਾਂਘੇ ਪਾਕਿਸਤਾਨ ਅਤੇ ਅਫ਼ਗ਼ਾਨਿਸਤਾਨ ਵਿਚਕਾਰ ਵਪਾਰ ਅਤੇ ਯਾਤਰਾ ਲਈ ਮਹੱਤਵਪੂਰਨ ਹਨ। ਇਕ ਪਾਕਿਸਤਾਨੀ ਅਧਿਕਾਰੀ ਨੇ ਅਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਦਸਿਆ ਕਿ ਤਾਲਿਬਾਨ ਸੁਰੱਖਿਆ ਬਲਾਂ ਨੇ ਸੋਮਵਾਰ ਤੜਕੇ ਆਟੋਮੈਟਿਕ ਹਥਿਆਰਾਂ ਨਾਲ ਗੋਲੀਬਾਰੀ ਕੀਤੀ, ਬਿਨਾਂ ਕਿਸੇ ਭੜਕਾਹਟ ਦੇ ਇਕ ਪਾਕਿਸਤਾਨੀ ਸਰਹੱਦੀ ਚੌਕੀ ਨੂੰ ਨਿਸ਼ਾਨਾ ਬਣਾਇਆ। (ਏਜੰਸੀ)

ਪ੍ਰਮਾਣੂ ਸਮਝੌਤੇ ਦੇ ਨਿਰਮਾਤਾ ਈਰਾਨੀ ਮੰਤਰੀ ਨੇ ਦਿਤਾ ਅਸਤੀਫ਼ਾ

ਤਹਿਰਾਨ, 3 ਮਾਰਚ : ਸੰਯੁਕਤ ਰਾਜ ਅਮਰੀਕਾ ਅਤੇ ਹੋਰ ਪੱਛਮੀ ਦੇਸ਼ਾਂ ਨਾਲ 2015 ਦੇ ਪ੍ਰਮਾਣੂ ਸਮਝੌਤੇ ਨੂੰ ਪਾਸ ਕਰਵਾਉਣ ਵਿਚ ਮੁੱਖ ਭੂਮਿਕਾ ਨਿਭਾਉਣ ਵਾਲੇ ਈਰਾਨ ਦੇ ਸਾਬਕਾ ਵਿਦੇਸ਼ ਮੰਤਰੀ ਮੁਹੰਮਦ ਜਾਵੇਦ ਜ਼ਰੀਫ਼ ਨੇ ਕਥਿਤ ਤੌਰ 'ਤੇ ਕੱਟੜਪੰਥੀਆਂ ਦੇ ਦਬਾਅ ਅੱਗੇ ਝੁਕਦੇ ਹੋਏ ਸੋਮਵਾਰ ਨੂੰ ਸੁਧਾਰਵਾਦੀ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਦੀ ਸਰਕਾਰ ਤੋਂ ਅਸਤੀਫ਼ਾ ਦੇ ਦਿਤਾ। ਜ਼ਰੀਫ਼ ਦਾ ਅਸਤੀਫ਼ਾ ਈਰਾਨ ਦੇ ਪੱਛਮ ਨਾਲ ਅਪਣੇ ਸਬੰਧਾਂ ਤੋਂ ਤੇਜ਼ੀ ਨਾਲ ਪਿੱਛੇ ਹਟਣ ਦਾ ਸੰਕੇਤ ਦਿੰਦਾ ਹੈ ਕਿਉਂਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੇਸ਼ 'ਤੇ ਲਗਾਈਆਂ ਗਈਆਂ ਪਾਬੰਦੀਆਂ ਨੂੰ ਸਖ਼ਤ ਕਰ ਦਿਤਾ ਹੈ।

ਜ਼ਰੀਫ਼ ਨੇ ਪੇਜ਼ੇਸ਼ਕੀਅਨ ਦੇ ਕਾਰਜਕਾਲ ਦੌਰਾਨ ਉਪ ਰਾਸ਼ਟਰਪਤੀ ਵਜੋਂ ਸੇਵਾ ਨਿਭਾਈ ਅਤੇ ਲੰਬੇ ਸਮੇਂ ਤੋਂ ਦੇਸ਼ ਦੇ ਕੱਟੜਪੰਥੀਆਂ ਦਾ ਨਿਸ਼ਾਨਾ ਰਹੇ ਹਨ। ਉਸ ਨੇ ਪਹਿਲਾਂ ਵੀ ਇਕ ਵਾਰ ਅਸਤੀਫ਼ਾ ਦੇਣ ਦੀ ਕੋਸ਼ਿਸ਼ ਕੀਤੀ ਸੀ ਅਤੇ ਫ਼ਿਲਹਾਲ ਇਹ ਸਪੱਸ਼ਟ ਨਹੀਂ ਹੈ ਕਿ ਪੇਜ਼ੇਸ਼ਕੀਅਨ ਨੇ ਇਸ ਵਾਰ ਉਸ ਦਾ ਅਸਤੀਫ਼ਾ ਸਵੀਕਾਰ ਕਰ ਲਿਆ ਹੈ ਜਾਂ ਨਹੀਂ। ਇਹ ਘਟਨਾਕ੍ਰਮ ਐਤਵਾਰ ਨੂੰ ਈਰਾਨ ਦੀ ਸੰਸਦ ਵਲੋਂ ਵਿੱਤ ਮੰਤਰੀ ਅਬਦੁਲਨਾਸਰ ਹੇਮਤੀ ਨੂੰ ਮਹਾਂਦੋਸ਼ ਤੋਂ ਬਾਅਦ ਆਇਆ ਹੈ। ਹੇਮਤੀ ਨੇ ਇਕ ਵਾਰ ਰਾਸ਼ਟਰਪਤੀ ਅਹੁਦੇ ਲਈ ਚੋਣ ਲੜੀ ਸੀ, ਜਿਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਉਹ ਅਮਰੀਕੀ ਰਾਸ਼ਟਰਪਤੀ ਨਾਲ ਸਿੱਧੀ ਗੱਲ ਕਰਨ ਲਈ ਤਿਆਰ ਹੈ। (ਏਜੰਸੀ)

ਅਮਰੀਕਾ ਦੇ ਉਪ ਰਾਸ਼ਟਰਪਤੀ ਜੇਡੀ ਵੈਂਸ ਦਾ ਅਪਣੇ ਹੀ ਦੇਸ਼ 'ਚ ਹੋਇਆ ਜੰਮ ਕੇ ਵਿਰੋਧ

ਵਾਸ਼ਿੰਗਟਨ, 3 ਮਾਰਚ : ਯੂਕਰੇਨ ਦੇ ਰਾਸ਼ਟਰਪਤੀ ਨਾਲ ਵਿਵਾਦ ਤੋਂ ਬਾਅਦ ਅਮਰੀਕੀ ਉਪ ਰਾਸ਼ਟਰਪਤੀ ਜੇਡੀ ਵੈਂਸ ਨੂੰ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ। ਵੈਂਸ ਵਰਮੌਂਟ ਵਿਚ ਅਪਣੇ ਪਰਿਵਾਰ ਨਾਲ ਯਾਤਰਾ 'ਤੇ ਗਿਆ ਸੀ, ਜਿਥੇ ਸੈਂਕੜੇ ਪ੍ਰਦਰਸ਼ਨਕਾਰੀਆਂ ਨੇ ਉਸ ਵਿਰੁਧ ਯੂਕਰੇਨ ਪੱਖੀ ਨਾਹਰੇਬਾਜ਼ੀ ਕੀਤੀ।

ਇਸ ਵਿਰੋਧ ਦਾ ਕਾਰਨ ਵ੍ਹਾਈਟ ਵਿਚ ਜੇਡੀ ਵੈਂਸ ਅਤੇ ਯੂਕਰੇਨ ਦੇ ਰਾਸ਼ਟਰਪਤੀ ਵਿਚਕਾਰ ਅਚਾਨਕ ਟਕਰਾਅ ਸੀ। ਸ਼ੁੱਕਰਵਾਰ ਨੂੰ ਜੇਡੀ ਵੈਂਸ ਨੇ ਓਵਲ ਆਫ਼ਿਸ 'ਚ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਾਹਮਣੇ ਜ਼ੇਲੈਂਸਕੀ 'ਤੇ ਤਿੱਖੇ ਹਮਲੇ ਕੀਤੇ, ਜਿਸ ਤੋਂ ਬਾਅਦ ਮਾਹੌਲ ਗਰਮ ਹੋ ਗਿਆ।

ਇਸ ਦੌਰਾਨ ਜੇਡੀ ਵੈਂਸ ਨੇ ਜ਼ੇਲੈਂਸਕੀ ਨੂੰ ਕਿਹਾ ਸੀ, 'ਮੈਂ ਕੂਟਨੀਤੀ ਦੀ ਗੱਲ ਕਰ ਰਿਹਾ ਹਾਂ ਜੋ ਤੁਹਾਡੇ ਦੇਸ਼ ਦੀ ਤਬਾਹੀ ਨੂੰ ਰੋਕ ਸਕਦੀ ਹੈ।' ਵੈਂਸ ਨੇ ਜ਼ੇਲੈਂਸਕੀ 'ਤੇ ਅਮਰੀਕੀ ਰਾਸ਼ਟਰਪਤੀ ਚੋਣਾਂ 'ਚ ਡੈਮੋਕਰੇਟਸ ਦੇ ਪੱਖ 'ਚ ਪ੍ਰਚਾਰ ਕਰਨ ਦਾ ਵੀ ਦੋਸ਼ ਲਗਾਇਆ ਸੀ। ਜ਼ਿਕਰਯੋਗ ਹੈ ਕਿ ਵਰਮੋਂਟ 'ਚ ਟਰੰਪ ਅਤੇ ਵੈਂਸ ਵਿਰੁਧ ਵਿਰੋਧ ਪ੍ਰਦਰਸ਼ਨ ਦੀ ਯੋਜਨਾ ਪਹਿਲਾਂ ਤੋਂ ਹੀ ਸੀ। ਪਰ ਓਵਲ ਦਫ਼ਤਰ ਵਿਚ ਹੋਏ ਵਿਵਾਦ ਤੋਂ ਬਾਅਦ ਇਸ ਪ੍ਰਦਰਸ਼ਨ ਵਿਚ ਹੋਰ ਲੋਕ ਸ਼ਾਮਲ ਹੋਏ। ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਉਪ ਰਾਸ਼ਟਰਪਤੀ ਵੈਂਸ ਦਾ ਵਤੀਰਾ ਅਮਰੀਕਾ ਦੇ ਅਕਸ ਲਈ ਸ਼ਰਮਨਾਕ ਹੈ। (ਏਜੰਸੀ)

ਗੋਰਿਆਂ ਨੂੰ ਭਾਰਤੀ ਸਭਿਆਚਾਰ ਨਾਲ ਜੋੜਨ ਲਈ ਭਾਰਤੀ ਕੌਂਸਲੇਟ ਮਿਲਾਨ ਦਾ ਇਕ ਹੋਰ ਉਪਰਾਲਾ

ਮਿਲਾਨ, 3 ਮਾਰਚ (ਦਲਜੀਤ ਮੱਕੜ) : ਪੂਰੀ ਦੁਨੀਆ ਵਿਚ ਭਾਰਤੀ ਸਭਿਆਚਾਰ ਅਤੇ ਫ਼ਿਲਮਾਂ ਬਾਰੇ ਹਮੇਸ਼ਾ ਹੀ ਚਰਚਾ ਵਿਚ ਹੈ। ਵਿਦੇਸ਼ਾਂ ਵਿਚ ਗੋਰਿਆਂ ਨੂੰ ਭਾਰਤੀ ਸਭਿਆਚਾਰ ਨਾਲ ਜੋੜਨ ਲਈ ਸਰਕਾਰ ਦੁਆਰਾ ਵੱਖ-ਵੱਖ ਉਪਰਾਲੇ ਚਲ ਰਹੇ ਹਨ। ਇਟਲੀ ਵਿਚ ਵੀ ਗੋਰਿਆਂ ਨੂੰ ਭਾਰਤੀ ਸਭਿਆਚਾਰ ਨਾਲ ਜੋੜਨ ਲਈ ਇਟਲੀ ਵਿਚ ਭਾਰਤੀ ਕੌਂਸਲੇਟ ਮਿਲਾਨ ਵੱਖ-ਵੱਖ ਭਾਰਤੀ ਫ਼ਿਲਮਾਂ ਵਿਖਾਉਣ ਲਈ ਉਪਰਾਲੇ ਕਰ ਰਹੀ ਹੈ, ਜਿਸ ਦੀ ਸ਼ੁਰੂਆਤ ਇਟਲੀ ਦੇ ਸ਼ਹਿਰ ਪਾਦੋਵਾ ਤੋਂ ਕੀਤੀ ਗਈ। ਬੀਤੇ ਦਿਨੀ ਇਟਲੀ ਦੇ ਸ਼ਹਿਰ ਮਿਲਾਨ ਵਿਖੇ ਚੌਥੀ ਵੱਖਰੀ ਭਾਰਤੀ ਮੂਵੀ ਆਰ.ਆਰ.ਆਰ. (ਤੈਲਗੂ) ਵਿਖਾਈ ਗਈ। ਇਸ ਮੌਕੇ ਮੁੱਖ ਰੂਪ ਵਿਚ ਭਾਰਤੀ ਕੌਂਸਲੇਟ ਜਨਰਲ ਮਿਲਾਨ ਲਵਨਿਆ ਕੁਮਾਰ, ਮਾਸੀਮਿਲਾਨੋ ਮਿਸਤਰੇਤਾ ਕੌਂਸਲਰ ਸੰਨ ਦੋਨਾਤੋ ਮਿਲਾਨੇਸੇ, ਲਿਨਾਤੇ ਏਅਰਪੋਰਟ ਦੀ ਪੁਲਿਸ ਅਫ਼ਸਰ ਈਲੀਸਾ ਦੀ ਸਾਰਨੋ ਤੋਂ ਇਲਾਵਾ ਇਟਾਲੀਅਨ ਨਾਗਰਿਕਾਂ ਤੋਂ ਇਲਾਵਾ, ਭਾਰਤੀ ਕੌਂਸਲੇਟ ਦੇ ਅਧਿਕਾਰੀਆਂ ਤੋਂ ਇਲਾਵਾ ਮਿਲਾਨ ਯੂਨੀਵਰਸਿਟੀ ਦੇ ਭਾਰਤ ਨਾਲ ਸਬੰਧਤ ਵਿਸ਼ਿ